# ਸੋਮਵਾਰ 19 ਮਾਰਚ 2018 ਤੋਂ ਐਤਵਾਰ 25 ਮਾਰਚ 2018 ਤੱਕ

- **19.3.18 ਸੋਮਵਾਰ:-** ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
- **21.3.18 ਬੁੱਧਵਾਰ: - 4.30 ਵਜ਼ੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ
- **22.3.18 ਵੀਰਵਾਰ:- 6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

- **23.3.18 ਸ਼ੁਕਰਵਾਰ:-** ਅੱਜ ਸ਼ਹੀਦੀ ਦਿਨ ਸ ਭਗਤ ਸਿੰਘ ਜੀ ਦਾ ਹੈ।
- **10.00 ਵਜ਼ੇ:-**ਸਾਧ ਸੰਗਤ ਵੱਲੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**24.3.18 ਸ਼ਨਿਚਰਵਾਰ: -**

- **11.00 ਵਜੇ:-**ਸ੍ਰ ਹਰਦਿਆਲ ਸਿੰਘ ਅਤੇ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।
- **4.00 ਵਜੇ:-** ਸ੍ਰ ਗਗਨ ਪ੍ਰੀਤ ਸਿੰਘ ਅਤੇ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।
  1. **ਦੇਗ ਦੀ ਸੇਵਾ:-** ਬੀਬੀ ਕੁਲਦੀਪ ਕੌਰ ਵਲੋਂ ਹੋਵੇਗੀ।
  2. **ਦੂਸਰੀ ਦੇਗ ਦੀ ਸੇਵਾ:-**ਨਾਰਿੰਦਰ ਸਿੰਘ ਖ਼ੈਰਾ ਵਲੋਂ ਹੋਵੇਗੀ।
- **4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- **25.3.18 ਐਤਵਾਰ:-**
  - **10.00 ਵਜ਼ੇ: -** ਸਾਧ ਸੰਗਤ ਵਲੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤ ਦੇ ਸਬੰਧ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।
  - **ਦੇਗ ਦੀ ਸੇਵਾ:-** ਬੀਬੀ ਕੁਲਦੀਪ ਕੌਰ ਵਲੋਂ ਹੋਵੇਗੀ।

**ਸਾਲਾਨਾ ਜਨਰਲ ਮੀਟਿੰਗ**

- **Day Light Saving Time**
- **30 March Good Friday**

- **ਬੰਦੀ ਛੋੜ ਦਾਤੇ ਦੇ ਵਾਰਸ ਖੁਦ 'ਬੰਦੀ' ਬਣੇ**

- ਅੱਜ ਜਦੋਂ ਛੇਵੇਂ ਪਾਤਸ਼ਾਹ ਦੇ ਉਸ ਮਹਾਨ ਕੌਤਕ, ਕਾਰਨਾਮੇ ਨੂੰ ਯਾਦ ਕਰਦੇ ਹਾਂ, ਜਿਸ ਕਾਰਨਾਮੇ ਸਦਕਾ ਉਨਾਂ ਨੂੰ 'ਬੰਦੀ ਛੋੜ ਦਾਤੇ' ਵਜੋਂ ਯਾਦ ਕੀਤਾ ਜਾਂਦਾ ਹੈ ਤਾਂ ਉਨਾਂ ਬੰਦੀ ਸਿੰਘਾਂ ਦੀ ਰਿਹਾਈ, ਜਿਨਾਂ ਦੀ ਸਜ਼ਾ ਤੱਕ ਪੂਰੀ ਹੋ ਚੁੱਕੀ ਹੈ ਅਤੇ ਉਨਾਂ ਦੀ ਰਿਹਾਈ ਲਈ ਇਕ 83 ਸਾਲ ਦਾ ਬੁੱਢਾ ਜਰਨੈਲ 285 ਦਿਨਾਂ ਤੋਂ ਭੁੱਖ ਹੜਤਾਲ ਤੇ ਬੈਠਾ ਕਦੇ ਸਰਕਾਰ ਵੱਲੋਂ ਤੇ ਕਦੇ ਕੌਮ ਵੱਲੋਂ ਵੀ ਜ਼ਲੀਲ ਹੋ ਰਿਹਾ ਹੈ, ਤਾਂ ਦੋਵੇਂ ਘਟਨਾਵਾਂ ਦਾ ਦਿਮਾਗ 'ਤੇ ਭਾਰੂ ਹੋਣਾ ਸੁਭਾਵਿਕ ਹੈ। ਕਦੇ ਅੱਜ ਦੇ ਦਿਨ ਸਾਡੇ ਮਹਾਨ ਗੁਰੂ ਨੇ ਬੰਦੀ ਛੋੜ ਦਾਤਾ ਬਣ ਕੇ ਵਿਖਾਇਆ ਸੀ। ਉਹ ਵੀ ਉਸ ਜਾਬਰ ਹਾਕਮ ਦੇ ਸਾਹਮਣੇ ਜਿਹੜਾ ਆਪਣੇ-ਆਪ ਨੂੰ ਇਸ ਦੇਸ਼ ਦੇ 'ਭਾਗ ਦਾ ਵਿਧਾਤਾ' ਮੰਨਦਾ ਸੀ। ਉਸਦੇ ਸਾਹਮਣੇ ਕੋਈ ਸਿਰ ਉਠਾਉਣ ਤੇ ਬੋਲਣ ਤੱਕ ਦੀ ਜੁਰੱਅਤ ਨਹੀਂ ਕਰਦਾ ਸੀ। ਉਸ ਜਾਬਰ ਹਾਕਮ ਅੱਗੇ ਗੁਰੂ ਸਾਹਿਬ ਨੇ ਸ਼ਰਤ ਰੱਖ ਦਿੱਤੀ ਸੀ ਕਿ ਉਹ ਜੇਲ ਦੀਆਂ ਕਾਲ ਕੋਠੜੀਆਂ 'ਚੋਂ ਉਦੋਂ ਹੀ ਬਾਹਰ ਆਉਣਗੇ, ਜਦੋਂ ਉਹ 52 ਰਾਜੇ ਵੀ ਰਿਹਾਅ ਕੀਤੇ ਜਾਣਗੇ, ਜਿਨਾਂ ਨੂੰ ਜਹਾਂਗੀਰ ਨੇ ਆਪਣੇ ਰਾਜਭਾਗ ਦੀ ਅੰਨੀ ਲਾਲਸਾ ਲਈ ਕੈਦ ਕੀਤਾ ਹੋਇਆ ਹੈ। ਰਾਜਿਆਂ ਨਾਲ ਗੁਰੂ ਸਾਹਿਬ ਦਾ ਕੋਈ ਸਬੰਧ ਨਹੀਂ ਸੀ। ਸਿਰਫ਼ ਗੁਰੂ ਸਾਹਿਬ ਜ਼ੋਰ-ਜਬਰ ਵਿਰੁੱਧ, ਉਨਾਂ ਦੇ ਹਮਦਰਦ ਤੇ ਰਾਖੇ ਬਣੇ ਸਨ। ਪ੍ਰੰਤੂ ਅੱਜ ਜਦੋਂ ਕੌਮ ਆਪਣੇ ਉਨਾਂ ਸਿੰਘਾਂ ਨੂੰ ਜਿੰਨਾਂ ਦੀ ਸਜ਼ਾ ਤੱਕ ਪੂਰੀ ਹੋ ਚੁੱਕੀ ਹੈ, ਉਨਾਂ ਨੂੰ ਜੇਲਾਂ ਦੀਆਂ ਕਾਲ ਕੋਠੜੀਆਂ 'ਚੋਂ ਰਿਹਾਅ ਕਰਵਾਉਣ ਤੋਂ ਅਸਮਰੱਥ ਹੈ, ਫ਼ਿਰ ਉਹ ਬੰਦੀ ਛੋੜ ਦਾਤੇ ਦੀ ਵਾਰਿਸ ਕਿਵੇਂ ਅਖਵਾ ਸਕਦੀ ਹੈ? ਅੱਜ ਬੰਦੀ ਛੋੜ ਦਾਤੇ ਦੀ ਕੌਮ ਖ਼ੁਦ ਬੰਦੀ ਬਣ ਗਈ ਹੈ, ਇਸੇ ਲਈ ਅੱਜ ਦੁਸ਼ਟ ਲੋਕਾਂ ਦੀ ਹਿੰਮਤ ਐਨੀ ਵੱਧ ਗਈ ਹੈ ਕਿ ਉਹ ਸਿੱਖਾਂ ਲਈ ਜਾਨ ਤੋਂ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਰੋਜ਼ਾਨਾ ਕਾਤਲਾਨਾ ਹਮਲੇ ਕਰਨ ਲੱਗ ਪਏ ਹਨ।

ਕੌਮ ਆਪਣੇ ਗੁਰੂ ਦੀ ਰਾਖ਼ੀ ਕਰਨ ਦੇ ਸਮਰੱਥ ਨਹੀਂ ਰਹੀ।



- ਪ੍ਰੰਤੂ ਅਫ਼ਸੋਸ ਤੇ ਤ੍ਰਾਸਦੀ ਇਹੋ ਹੈ ਕਿ ਅਮੀਰ ਵਿਰਾਸਤ ਦੀ ਮਾਲਕ ਕੌਮ, ਪ੍ਰਾਪਤੀਆਂ ਪੱਖੋਂ ਕੰਮਜ਼ੋਰ ਹੋ ਰਹੀ ਹੈ। 28 ਅਕਤੂਬਰ ਦਾ ਦਿਨ ਪਰਉਪਕਾਰ, ਸਰਬੱਤ ਦੇ ਭਲੇ, ਮਾਨਵਤਾ ਦਾ ਦਰਦ ਦੂਰ ਕਰਨ ਦੀ ਭਾਵਨਾ, ਨੈਤਿਕ ਬਹਾਦਰੀ ਅਤੇ ਨਿੱਡਰਤਾ ਦਾ ਉਹ ਸੰਦੇਸ਼ ਦਿੰਦਾ ਹੈ, ਜਿਸਦੀ ਮਿਸ਼ਾਲ ਹੋਰ ਕਿਧਰੇ ਮਿਲਣੀ ਸੰਭਵ ਨਹੀਂ। 28 ਅਕਤੂਬਰ 1619 ਨੂੰ ਜਦੋਂ ਛੇਵੇਂ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਜਿਨਾਂ ਨੂੰ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗਵਾਲੀਅਰ ਦੀ ਜੇਲ ’ਚ ਕੈਦ ਕੀਤਾ ਹੋਇਆ ਸੀ ਅਤੇ ਜਦੋਂ ਜਹਾਂਗੀਰ ਨੂੰ ਆਪਣੀ ਭੁੱਲ ਅਤੇ ਗੁਰੂ ਸਾਹਿਬ ਦੀ ਮਹਾਨਤਾ ਦਾ ਅਹਿਸਾਸ ਹੋਇਆ ਤਾਂ ਉਸਨੇ ਗੁਰੂ ਸਾਹਿਬ ਨੂੰ ਜੇਲ ’ਚ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ। ਪ੍ਰੰਤੂ ਮਾਨਵਤਾ ਦੇ ਦਰਦੀ, ਮਨੁੱਖਤਾ ਦੇ ਰਹਿਬਰ, ਗੁਰੂ ਸਾਹਿਬ ਨੇ ਰਿਹਾਅ ਹੋਣ ਤੋਂ ਇਹ ਆਖ਼ ਕੇ ਇਨਕਾਰ ਕਰ ਦਿੱਤਾ ਕਿ ਉਹ ਉਦੋਂ ਤੱਕ ਜੇਲ ਤੋਂ ਬਾਹਰ ਨਹੀਂ ਆਉਣਗੇ, ਜਦੋਂ ਤੱਕ ਜੇਲ ’ਚ ਬੰਦ ਉਨਾਂ 52 ਰਾਜਿਆਂ ਨੂੰ ਜਿਨਾਂ ਨੂੰ ਮੁਗ਼ਲ ਹਕੂਮਤ ਨੇ ਸਿਆਸੀ ਬਦਲਾਖ਼ੋਰੀ ਲਈ ਜੇਲ ’ਚ ਡੱਕਿਆ ਹੋਇਆ ਹੈ, ਉਨਾਂ ਦੇ ਨਾਲ ਰਿਹਾਅ ਨਹੀਂ ਕੀਤਾ ਜਾਂਦਾ। ਬਾਦਸ਼ਾਹ ਨੇ ਅਨੋਖੀ ਸ਼ਰਤ ਰੱਖੀ ਕਿ ਜਿਹੜੇ ਰਾਜੇ, ਗੁਰੂ ਸਾਹਿਬ ਦਾ ਪੱਲਾ ਫੜ ਕੇ ਬਾਹਰ ਆ ਜਾਣਗੇ, ਉਹ ਰਿਹਾਅ ਮੰਨੇ ਜਾਣਗੇ। ਅੱਜ ਸਿੱਖ ਕੌਮ ਨੂੰ ਸਿੱਖ ਦੁਸ਼ਮਣ ਤਾਕਤਾਂ ‘ਘੱਟ ਬੁੱਧੀ ਵਾਲੇ’ ਪ੍ਰਚਾਰਨ ’ਚ ਲੱਗੀਆਂ ਹੋਈਆਂ ਹਨ, ਪ੍ਰੰਤੂ ਉਨਾਂ ਨੂੰ ਇਹ ਪਤਾ ਨਹੀਂ ਕਿ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬ੍ਰਹਿਮੰਡ ਦਾ ਜਿਹੜਾ ਸੱਚ ਅੱਜ ਤੋਂ ਸਾਢੇ ਪੰਜ ਸਦੀਆਂ ਪਹਿਲਾ ਦੱਸ ਦਿੱਤਾ ਸੀ, ਅੱਜ ਦੇ ਵਿਗਿਆਨੀ ਹਾਲੇਂ ਤੱਕ ਵੀ ਉਸ ਸੱਚ ਤੱਕ ਨਹੀਂ ਅੱਪੜ ਸਕੇ। ਛੇਵੇਂ ਪਾਤਸ਼ਾਹ ਨੇ ਬਾਦਸ਼ਾਹ ਦੀ ਸ਼ਰਤ ਪੂਰੀ ਕਰਨ ਲਈ, ਜਿਸ ਕਮਾਲ ਦੀ ਜੁਗਤ ਦੀ ਵਰਤੋਂ ਕੀਤੀ, ਉਹ ਵੀ ਬੌਧਿਕਤਾ ਦਾ ਸਿਖ਼ਰ ਸੀ, ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ ਅਤੇ ਅੱਜ ਦੇ ਦਿਨ 28 ਅਕਤੂਬਰ ਨੂੰ 52 ਰਾਜਿਆਂ ਸਮੇਤ ਜਿਹੜੇ ਉਨਾਂ ਦੇ ਚੋਲੇ ਦੀ ਇਕ-ਇਕ ਕਲੀ ਫੜ ਕੇ ਜੇਲ ਤੋਂ ਬਾਹਰ ਆਏ ਤੇ ਗਵਾਲੀਅਰ ਜੇਲ ਤੋਂ ਰਿਹਾਅ ਹੋਏ। ਇਹ ਮਹਾਨ ਘਟਨਾ ਕਈ ਸੁਨੇਹੇ ਤੇ ਸਬਕ ਸਮੁੱਚੀ ਮਾਨਵਤਾ ਨੂੰ ਦਿੰਦੀ ਹੈ।
- ਮੁਗ਼ਲ ਹਕੂਮਤ ਨੇ ਫਿਰਕੂ ਜਾਨੂੰਨ ’ਚ ਅੰਨੀ ਹੋ ਕੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ, ਪ੍ਰੰਤੂ ਸੱਚ ਦੀ ਜਿੱਤ ਦਾ ਡੰਕਾ ਵਜਾਉਣ ਲਈ ਗੁਰੂ ਸਾਹਿਬ ਨੇ ਉਲਟਾ ਮੁਗ਼ਲ ਹਕੂਮਤ ਨੂੰ ਉਨਾਂ ਨੂੰ ਰਿਹਾਅ ਕਰਨ ਲਈ ਮਜ਼ਬੂਰੀ ਦੀ ਹਾਲਤ ਤੱਕ ਪਹੁੰਚਾ ਦਿੱਤਾ। ਸਿੱਖੀ ’ਚ ਈਨ ਲਈ ਕੋਈ ਥਾਂ ਨਹੀਂ ਹੈ, ਇਸ ਸਬਕ ਨੂੰ ਛੇਵੇਂ ਪਾਤਸ਼ਾਹ ਨੇ ਇਕ ਵਾਰ ਫਿਰ ਪ੍ਰਪੱਕ ਕੀਤਾ। ਸਿੱਖੀ ਦੀ ਬੁਨਿਆਦ ਸਰਬੱਤ ਦੇ ਭਲੇ ਅਤੇ ਦੁਨੀਆ ’ਚ ਹੁੰਦੇ ਹਰ ਜ਼ੋਰ-ਜਬਰ ਤੇ ਜ਼ੁਲਮ ਦੇ ਖ਼ਾਤਮੇ ਲਈ ਰੱਖੀ ਗਈ ਸੀ। ਛੇਵੇਂ ਪਾਤਸ਼ਾਹ ਨੇ ਆਪਣੇ ਨਾਲ ਉਨਾਂ 52 ਰਾਜਿਆਂ ਨੂੰ ਜਿਹੜੇ ਮੁਗ਼ਲ ਹਕੂਮਤ ਦੇ ਧੱਕੜ ਤੇ ਜ਼ਾਲਮ ਵਤੀਰੇ ਕਾਰਣ ਜੇਲ ਦੀਆਂ ਕਾਲ ਕੋਠੜੀਆਂ ’ਚ ਬੰਦ ਸਨ, ਉਨਾਂ ਨੂੰ ਰਿਹਾਅ ਕਰਵਾ ਕੇ ਸਿੱਖੀ ਦੇ ਦੋਵੇਂ ਮੁੱਢਲੇ ਸਿਧਾਤਾਂ ਦੀ ਪਾਲਣਾ ਕਰਦਿਆਂ, ਇਨਾਂ ਦੀ ਮਹਾਨਤਾ ਨੂੰ ਹੋਰ ਦ੍ਰਿੜ ਕਰਵਾਇਆ। ਅੱਜ ਜਦੋਂ ਸਿੱਖਾਂ ’ਚ ਵੀ ਨਿੱਜਵਾਦ ਬੁਰੀ ਤਰਾਂ ਜੜਾਂ ਫੜ ਚੁੱਕਾ ਹੈ, ਉਸ ਸਮੇਂ ਸਾਨੂੰ ਅੱਜ ਦੇ ਦਿਨ ਦੇ ਸੁਨੇਹੇ ਨੂੰ ਯਾਦ ਕਰਨ ਦੀ ਵੱਡੀ ਲੋੜ ਹੈ। ਛੇਵੇਂ ਪਾਤਸ਼ਾਹ ਨੇ ਆਪਣੀ ਜੇਲ ’ਚ ਰਿਹਾਈ ਨੂੰ ਦੂਜਿਆਂ ਲਈ ਜਿਹੜੇ ਜਬਰ-ਜ਼ੁਲਮ ਦਾ ਸ਼ਿਕਾਰ ਸਨ, ਰੱਦ ਕੀਤਾ, ਉਨਾਂ ਨੇ ਅਜਿਹਾ ਕਰਕੇ, ਜਿੱਥੇ ਸਿੱਖੀ ’ਚ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਪ੍ਰਪੱਕਤਾ ਬਖ਼ਸ਼ੀ, ਉਥੇ ਇਹ ਵੀ ਦਰਸਾਇਆ ਕਿ ਸਿੱਖ ਨਿਰਭੈ ਹੁੰਦਾ ਹੈ, ਉਸ ਨੂੰ ਹਕੂਮਤ ਦੇ ਜ਼ੁਲਮ ਤੋਂ ਭੋਰਾ-ਭਰ ਵੀ ਡਰ ਨਹੀਂ ਲੱਗਦਾ, ਉਸ ਲਈ ਸਿੱਖੀ ਸਿਧਾਂਤ ਸਭ ਤੋਂ ਉਪਰ ਹਨ। ਅੱਜ ਦਾ ਨੈਤਿਕ ਬਹਾਦਰੀ ਦਾ ਇਹ ਸੁਨੇਹਾ, ਸਾਨੂੰ ਆਪਣੀ ਆਤਮਾ ’ਚ ਝਾਤੀ ਮਾਰਨ ਲਈ ਮਜ਼ਬੂਰ ਕਰਦਾ ਹੈ ਕਿ ਅਸੀਂ ਆਪਣੇ ਨਿੱਜ ਦੇ ਨਿੱਕੇ ਜਿਹੇ ਫਾਇਦੇ ਲਈ, ਕੌਮ ਨੂੰ ਵੇਚਣ ਤੱਕ ਚਲੇ ਜਾਂਦੇ ਹਾਂ, ਜ਼ੋਰ-ਜ਼ਬਰ ਵਿਰੁੱਧ ਆਪਣੀ ਚਮੜੀ ਦਾ ਖ਼ਿਆਲ ਕਰਦੇ ਹੋਏ, ਚੂੰ ਤੱਕ ਨਹੀਂ ਕਰਦੇ, ਉਲਟਾ ਧੱਕੜ ਧਿਰਾਂ ਦੀ ਚਾਪਲੂਸੀ ਕੀਤੀ ਜਾਂਦੀ ਹੈ। ਸਿੱਖੀ ’ਚ ਪਰਉਪਕਾਰ ਤੇ ਮਾਨਵਤਾ ਦੇ ਭਲੇ ਦੇ ਉਪਰ ਹੋਰ ਕੁਝ ਨਹੀਂ, ਅੱਜ ਦੇ ਦਿਨ ਦਾ ਇਹ ਸੁਨੇਹਾ, ਸਾਨੂੰ ਘੱਟੋ-ਘੱਟ ਇਕ ਵਾਰ ਸੁਣ ਜ਼ਰੂਰ ਲੈਣਾ ਚਾਹੀਦਾ ਹੈ।

- ਜਸਪਾਲ ਸਿੰਘ ਹੇਰਾਂ